Vigilance Bureau, Punjab
Vigilance Bhawan,Sector-68, SAS Nagar
Phone: 0172-2217100-200 (Control Room& Fax)

ਵਿਜੀਲੈਂਸ ਬਿਊਰੋ, ਪੰਜਾਬ।
ਵਿਜੀਲੈਂਸ ਭਵਨ, ਸੈਕਟਰ-68, ਐਸ.ਏ.ਐਸ.ਨਗਰ
ਫੋਨ : 0172-2217100-200 (ਕੰਟਰੋਲ ਰੂਮ ਅਤੇ ਫੈਕਸ)

ਵੱਲ

1. ਸਹਾਇਕ ਇੰਸਪੈਕਟਰ ਜਨਰਲ ਪੁਲਿਸ, ਅ.ਅ.ਸ਼ਾਖਾ ਵਿਜੀਲੈਂਸ ਬਿਊਰੋ,ਪੰਜਾਬ।
2. ਸਹਾਇਕ ਇੰਸਪੈਕਟਰ ਜਨਰਲ ਪੁਲਿਸ, ਵਿਜੀਲੈਂਸ ਬਿਊਰੋ, ਫਸ, ਪੰਜਾਬ।
3. ਸੀਨੀਅਰ ਕਪਤਾਨ ਪੁਲਿਸ, ਵਿਜੀਲੈਂਸ ਬਿਊਰੋ, ਰੇਂਜ ਪਟਿਆਲਾ।
4. ਸੀਨੀਅਰ ਕਪਤਾਨ ਪੁਲਿਸ, ਵਿਜੀਲੈਂਸ ਬਿਊਰੋ, ਰੇਂਜ ਅੰਮ੍ਰਿਤਸਰ।
5. ਸੀਨੀਅਰ ਕਪਤਾਨ ਪੁਲਿਸ, ਵਿਜੀਲੈਂਸ ਬਿਊਰੋ, ਰੇਂਜ ਜਲੰਧਰ।
6. ਸੀਨੀਅਰ ਕਪਤਾਨ ਪੁਲਿਸ, ਵਿਜੀਲੈਂਸ ਬਿਊਰੋ, ਰੇਂਜ ਲੁਧਿਆਣਾ।
7. ਸੀਨੀਅਰ ਕਪਤਾਨ ਪੁਲਿਸ, ਵਿਜੀਲੈਂਸ ਬਿਊਰੋ, ਰੇਂਜ ਫਿਰੋਜਪੁਰ।
8. ਸੀਨੀਅਰ ਕਪਤਾਨ ਪੁਲਿਸ, ਵਿਜੀਲੈਂਸ ਬਿਊਰੋ, ਰੇਂਜ ਬਠਿੰਡਾ।
9. ਸੀਨੀਅਰ ਕਪਤਾਨ ਪੁਲਿਸ, ਵਿਜੀਲੈਂਸ ਬਿਊਰੋ, ਅ:ਅ:ਸ਼ਾਖਾ, ਲੁਧਿਆਣਾ।
10. ਸੀਨੀਅਰ ਕਪਤਾਨ ਪੁਲਿਸ, ਵਿਜੀਲੈਂਸ ਬਿਊਰੋ, ਰੂਪਨਗਰ ਰੇਂਜ ਐਟ ਐਸ.ਏ.ਐਸ ਨਗਰ।

ਨੰਬਰ: /ਵਬ/ਐਸ-3 ਮਿਤੀ:

ਵਿਸ਼ਾ: **ਟਰੈਪ ਕਰਨ ਸਬੰਧੀ ਹਦਾਇਤਾ।**

ਯਾਦ ਪੱਤਰ:

ਵਿਸ਼ਾ ਅੰਕਿਤ ਸਬੰਧੀ ਆਪ ਨੂੰ ਲਿਖਿਆ ਜਾਂਦਾ ਹੈ ਕਿ ਜਦੋਂ ਕਿਸੇ ਵੀ ਵਿਭਾਗ ਦੇ ਸਰਕਾਰੀ ਅਧਿਕਾਰੀ/ਕਰਮਚਾਰੀ ਨੂੰ ਰਿਸਵਤ ਹਾਸਲ ਕਰਦੇ ਹੋਏ ਰੰਗੇ ਹੱਥੀ ਗ੍ਰਿਫਤਾਰ ਕੀਤਾ ਜਾਂਦਾ ਹੈ ਤਾਂ ਮੌਕਾ ਪਰ ਟਰੈਪ ਸਬੰਧੀ ਹੋ ਰਹੀ ਕਾਰਵਾਈ ਦੀਆਂ ਤਸਵੀਰਾ/ਫੋਟੋਆਂ ਵਿਜੀਲੈਂਸ ਟੀਮ ਦੇ ਅਧਿਕਾਰੀਆਂ/ਕਰਮਚਾਰੀਆਂ ਵੱਲੋਂ ਆਪਣੇ ਨਿੱਜੀ ਮੋਬਾਇਲ ਫੋਨਾਂ ਪਰ ਨਹੀ ਖਿੱਚੀਆਂ ਜਾਣੀਆਂ ਚਾਹੀਦੀਆਂ ਅਤੇ ਨਾ ਹੀ ਕੋਈ ਵੀਡਿਉ ਬਣਾਈ ਜਾਣੀ ਚਾਹੀਦੀ ਹੈ, ਤਾਂ ਜ਼ੋ ਅੱਗੇ ਸ਼ੇਅਰ ਨਾ ਕਰ ਸਕੇ, ਪ੍ਰੰਤੂ ਜੇਕਰ ਫਿਰ ਵੀ ਟੀਮ ਮੈਂਬਰ ਅਜਿਹਾ ਕਰਦਾ ਹੈ ਤਾਂ ਉਸ ਖਿਲਾਫ ਬਣਦੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।

2. ਟਰੈਪ ਕੀਤੇ ਗਏ ਦੋਸੀ ਨੂੰ ਮੌਕੇ ਤੇ ਰੰਗੇ ਹੱਥੀ ਗ੍ਰਿਫਤਾਰ ਕੀਤੇ ਜਾਣ ਦੀ ਉਚਿੱਤ ਕਾਰਵਾਈ ਕਰਨ ਲਈ ਵਿਜੀਲੈਂਸ ਬਿਊਰੋ ਵੱਲੋਂ ਤਕਸੀਮ ਕੀਤੇ ਗਏ ਸਰਕਾਰੀ ਕੈਮਰਿਆਂ ਨੂੰ ਹੀ ਵਰਤੋ ਵਿੱਚ ਲਿਆ ਕੇ ਟਰੈਪ ਸਬੰਧੀ ਹੋ ਰਹੀ ਕਾਰਵਾਈ ਦੀਆਂ ਮੁਨਾਸਿਬ ਤਰੀਕੇ ਨਾਲ ਤਸਵੀਰਾਂ ਆਦਿ ਖਿੱਚੀਆਂ ਜਾਣੀਆਂ ਚਾਹੀਦੀਆਂ ਹਨ ਅਤੇ ਵੀਡਿਓ ਆਦਿ ਬਣਾਉਣੀ ਚਾਹੀਦੀ ਹੈ।

3. ਟਰੈਪ ਕੀਤੇ ਗਏ ਦੋਸੀ ਨੂੰ ਮੌਕੇ ਤੇ ਰੰਗੇ ਹੱਥੀ ਗ੍ਰਿਫਤਾਰ ਕੀਤੇ ਜਾਣ ਦੀ ਕਾਰਵਾਈ ਦੌਰਾਨ ਸਰਕਾਰੀ ਕੈਮਰੇ ਵਿੱਚ ਕੈਦ ਕੀਤੀਆ ਗਈਆ ਤਸਵੀਰਾਂ ਅਤੇ ਵੀਡਿਉ ਆਦਿ ਨੂੰ ਸਬੰਧਤ ਮੁੱਕਦਮੇ ਦੀ ਤਫਤੀਸੀ ਅਫਸਰ ਦੇ ਹਵਾਲੇ ਕਰ ਦੇਣਾ ਚਾਹੀਦਾ ਹੈ ਅਤੇ ਇਹਨਾਂ ਤਸਵੀਰਾਂ ਅਤੇ ਵੀਡਿਉ ਨੂੰ ਜਾਬਤੇ ਅਨੁਸਾਰ ਸਹਾਦਤ ਵੱਜੋ ਸੰਭਾਲ ਕੇ ਰੱਖਣ ਦੀ ਜਿੰਮੇਵਾਰੀ ਸਬੰਧਤ ਤਫਤੀਸੀ ਅਫਸਰ ਦੀ ਨਿਸਚਿਤ ਕੀਤੀ ਜਾਣੀ ਚਾਹੀਦੀ ਹੈ ਤਾ ਜ਼ੋ ਜਰੂਰਤ ਪੈਣ ਤੇ ਸਹਾਦਤ ਅਫਸਰਾਨ ਦੇ ਪੇਸ਼ ਕੀਤਾ ਜਾ ਸਕੇ।

4. ਕਿਸੇ ਵੀ ਅਧਿਕਾਰੀ/ਕਰਮਚਾਰੀ ਆਦਿ ਤੇ ਟਰੈਪ ਕਰਨ ਲਈ ਜਦੋਂ ਵੀ ਕੋਈ ਵੀ ਵਿਜੀਲੈਂਸ ਟੀਮ ਮੌਕਾ ਲਈ ਰਵਾਨਾ ਹੁੰਦੀ ਤਾਂ ਉਸ ਵਿਜੀਲੈਂਸ ਟੀਮ ਵਿੱਚ ਤਫਤੀਸੀ ਅਫਸਰ ਸਮੇਤ ਵਿਜੀਲੈਂਸ ਬਿਊਰੋ ਦੇ ਕਰਮਚਾਰੀਆਂ ਤੋ ਇਲਾਵਾ ਮੁੱਦਈ, ਸੈਡੋ ਗਵਾਹ ਅਤੇ ਸਿਵਲ ਪ੍ਰਸਾਸਨ ਵੱਲੋਂ ਨਾਮਜਦ ਕੀਤੇ ਗਏ ਸਰਕਾਰੀ ਗਵਾਹ ਵੀ ਸਾਮਲ ਹੁੰਦੇ ਹਨ।ਇਸ ਲਈ ਸਬੰਧਤ ਵਿਜੀਲੈਂਸ ਵਿਜੀਲੈਂਸ ਟੀਮ ਨੂੰ ਦੋਸੀ ਨੂੰ ਟਰੈਪ ਕਰਨ ਲਈ ਅਹਿਤਿਆਤ ਵਜੋ ਦੱਸੀਆਂ ਜਾਣ ਵਾਲੀਆਂ ਜਰੂਰੀ ਗੱਲਾਂ ਤੋਂ ਇਲਾਵਾ ਇਹ ਗੱਲ ਵੀ ਸੁਨਿਸਚਿਤ ਕਰ ਦੇਣੀ ਚਾਹੀਦੀ ਕਿ ਮੌਕਾ ਪਰ ਹੋਣ ਵਾਲੀ ਟਰੈਪ ਦੀ ਕਾਰਵਾਈ ਦੀ ਕੋਈ ਵੀ ਟੀਮ ਮੈਬਰ ਆਪਣੇ ਨਿੱਜੀਮੋਬਾਇਲ ਜਾਂ ਹੋਰ ਕਿਸੇ ਨਿੱਜੀ ਗੈਜਟ ਪਰ ਤਸਵੀਰ ਨਹੀਂ ਖਿੱਚੇਗਾ ਅਤੇ ਨਾਂ ਹੀ ਕੋਈ ਵੀਡਿਓ ਬਣਾਏਗਾ।

5. ਫਿਰ ਵੀ ਜੇਕਰ ਉਪਰੋਕਤ ਦੱਸੇ ਗਏ ਪੁਆਇੰਟਾਂ ਨੂੰ ਸਬੰਧਤ ਟਰੈਪ ਕਰਨ ਲਈ ਬਣਾਈ/ਤਿਆਰ ਕੀਤੀ ਗਈ ਵਿਜੀਲੈਂਸ ਟੀਮ ਦੇ ਧਿਆਨ ਵਿੱਚ ਲਿਆਉਣ ਉਪਰੰਤ ਵੀ ਸਬੰਧਤ ਵਿਜੀਲੈਂਸ ਟੀਮ ਦਾ ਮੈਂਬਰ ਦੇ ਮੁਤਾਬਿਕ ਜਰੂਰੀ ਕਾਰਨਾਂ ਨੂੰ ਮੱਦੇਨਜ਼ਰ ਰੱਖਦੇ ਹੋਏ ਸਬੰਧਤ ਤਫਤੀਸ਼ੀ ਅਫਸਰ ਦੀ ਇਜਾਜਤ ਤੋਂ ਬਿਨਾਂ ਜਾਣ-ਬੁੱਝ ਕੇ ਜਾਂ ਧੋਖੇ ਨਾਲ ਟਰੈਪ ਦੀ ਹੁੰਦੀ ਕਾਰਵਾਈ ਦੀ ਕੋਈ ਤਸਵੀਰ ਖਿੱਚਦਾ ਹੈ ਜਾਂ ਵੀਡਿਓ ਬਣਾਉਂਦਾ ਹੈ, ਉਸ ਨੂੰ ਸੋਸ਼ਲ ਮੀਡਿਆ ਜਾਂ ਕਿਸੇ ਹੋਰਵੇਂ ਤਰੀਕੇ ਕਿਸੇ ਹੋਰ ਮਾਧਿਅਮ ਰਾਂਹੀ ਵਾਇਰਲ ਕਰਦਾ ਹੈ, ਅੱਗੇ ਸ਼ੇਅਰ ਕਰਦਾ ਹੈ ਜਾਂ ਤਕਸੀਮ ਸ਼ੁਦਾ ਸਰਕਾਰੀ ਕੈਮਰੇ ਰਾਂਹੀ ਟਰੈਪ ਦੀ ਕਾਰਵਾਈ ਸਬੰਧੀ ਖਿੱਚੀਆਂ ਗਈਆਂ ਤਸਵੀਰਾਂ ਨੂੰ ਵੀ ਉਪਰੋਕਤ ਤਰੀਕੇ ਅਨੁਸਾਰ ਵਾਇਰਲ ਕਰਦਾ ਹੈ ਜਾਂ ਅੱਗੇ ਸ਼ੇਅਰ ਕਰਦਾ ਹੈ ਤਾਂ ਉਸ ਸਰਕਾਰੀ ਅਧਿਕਾਰੀ/ਕਰਮਚਾਰੀ ਜਾਂ ਪ੍ਰਾਈਵੇਟ ਵਿਅਕਤੀ ਵਿਰੁੱਧ ਜਾਬਤੇ ਅਨੁਸਾਰ ਬਣਦੀ ਵਿਭਾਗੀ/ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਣੀ ਚਾਹੀਦੀ ਹੈ ਤਾਂ ਜੋ ਭਵਿੱਖ ਵਿੱਚ ਕਿਸੇ ਅਣਸੁਖਾਂਵੀ ਸਮੱਸਿਆ ਜਾਂ ਕਾਨੂੰਨੀ ਪੇਚੀਦਗੀ ਤੋਂ ਬਚਿਆ ਜਾ ਸਕੇ ਅਤੇ ਵਿਜੀਲੈਂਸ ਬਿਊਰ ਵੱਲੋਂ ਟਰੈਪ ਸਬੰਧੀ ਮੋਕਾ ਪਰ ਅਮਲ ਵਿੱਚ ਲਿਆਂਦੀ ਗਈ ਕਾਰਵਾਈ ਨੂੰ ਗੋਪਨੀਯ (ਗੁਪਤ) ਰੱਖਿਆ ਜਾ ਸਕੇ ਜੀ।

6. ਟਰੈਪ ਕਰਨ ਜਾਂਦੀ ਟੀਮ ਨੂੰ ਆਪਣੀ ਡਿਊਟੀ ਇਮਾਨਦਾਰੀ ਅਤੇ ਮਿਹਨਤ ਨਾਲ ਕਰਨ ਅਤੇ ਹਦਾਇਤਾਂ ਦੀ ਪਾਲਣਾ ਕਰਨਾ ਯਕੀਨੀ ਬਣਾਇਆ ਜਾਵੇ।

ਸੰਯੁਕਤ ਡਾਇਰੈਕਟਰ (ਕਰਾਈਮ)
ਵਾ: ਮੁੱਖ ਡਾਇਰੈਕਟਰ,
ਵਿਜੀਲੈਂਸ ਬਿਊਰੋ, ਪੰਜਾਬ।

ਨੰਬਰ: 25445-58/ਵਬ/ਐਸ-3 ਮਿਤੀ: 30/7/21.

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:-

1. ਸਕੱਤਰ ਪੰਜਾਬ ਸਰਕਾਰ ਚੌਕਸੀ ਵਿਭਾਗ, (ਬਜਟ ਤੇ ਅਮਲਾ ਸ਼ਾਖਾ) ਨੂੰ ਉਨ੍ਹਾਂ ਦੇ ਦਫਤਰ ਦੇ ਮੀਮੋ ਨੰਬਰ 10/25/18-5ਭਅ/1597693/1 ਮਿਤੀ 16.10.2019 ਦੇ ਹਵਾਲੇ ਵਿੱਚ ।
2. ਡਾਇਰੈਕਟਰ, ਵਿਜੀਲੈਂਸ ਬਿਊਰੋ, ਪੰਜਾਬ।
3. ਇੰਸਪੈਕਟਰ ਜਨਰਲ ਪੁਲਿਸ, ਵਿਜੀਲੈਸ ਬਿਊਰੋ, ਪੰਜਾਬ।
4. ਅਡੀ:ਡਾਇਰੈਕਟਰ ਜਨਰਲ ਪੁਲਿਸ, ਅ.ਅ.ਸ਼ਾਖਾ, ਵਿਜੀਲੈਸ ਬਿਊਰੋ, ਪੰਜਾਬ।
5. ਡਿਪਟੀ ਇੰਸਪੈਕਟਰ ਜਨਰਲ ਪੁਲਿਸ, ਵਿਜੀਲੈਂਸ ਬਿਊਰੋ, ਪੰਜਾਬ।
6. ਸੰਯੁਕਤ ਡਾਇਰੈਕਟਰ/ਪ੍ਰਸ਼ਾਸਨ, ਵਿਜੀਲੈਸ ਬਿਊਰੋ, ਪੰਜਾਬ।
7. ਸੰਯੁਕਤ ਡਾਇਰੈਕਟਰ/ਕਰਾਈਮ, ਵਿਜੀਲੈਸ ਬਿਊਰੋ, ਪੰਜਾਬ।
8. ਸੰਯੁਕਤ ਡਾਇਰੈਕਟਰ/ਸਿਕਾਇਤ ਸੈਲ, ਵਿਜੀਲੈਸ ਬਿਊਰੋ, ਪੰਜਾਬ।
9. ਸੰਯੁਕਤ ਡਾਇਰੈਕਟਰ/ਪ੍ਰਾਸੀਕਿਉਸ਼ਨ, ਵਿਜੀਲੈਸ ਬਿਊਰੋ, ਪੰਜਾਬ।
10. ਐਸ.ਓ. ਟੂ ਮੁੱਖ ਡਾਇਰੈਕਟਰ, ਵਿਜੀਲੈਂਸ ਬਿਊਰੋ, ਪੰਜਾਬ।
11. ਸੁਪਰਡੈਂਟ ਐਡਮਨ, ਵਿਜੀਲੈਂਸ ਬਿਊਰੋ, ਪੰਜਾਬ।
12. ਸੁਪਰਡੈਂਟ ਕਰਾਈਮ-1, ਵਿਜੀਲੈਂਸ ਬਿਊਰੋ, ਪੰਜਾਬ।
13. ਸੁਪਰਡੈਂਟ ਕਰਾਈਮ-2, ਵਿਜੀਲੈਂਸ ਬਿਊਰੋ, ਪੰਜਾਬ।
14. ਇੰਨਚਾਰਜ ਵੈਬ ਮੈਨਟੀਨੈਂਸ ਸੈਂਲ, ਵਿਜੀਲੈਂਸ ਬਿਊਰੋ, ਪੰਜਾਬ।

ਸੰਯੁਕਤ ਡਾਇਰੈਕਟਰ (ਕਰਾਈਮ)
ਵਾ: ਮੁੱਖ ਡਾਇਰੈਕਟਰ,
ਵਿਜੀਲੈਂਸ ਬਿਊਰੋ, ਪੰਜਾਬ।